# ਪੰਜਾਬ ਵਿਚ ਅੰਗਰੇਜ਼ੀ ਦੀ ਸਿੱਖਿਆ ਦਾ ਸਵਾਲ

**ਪ੍ਰੋ: ਪ੍ਰੀਤਮ ਸਿੰਘ ਪੰਜਾਬ ਦੇ ਉੱਘੇ ਵਿਦਵਾਨ ਤੇ ਚਿੰਤਕ ਹਨ। ਪੰਜਾਬੀ ਜ਼ਬਾਨ, ਸਾਹਿਤ ਤੇ ਸੱਭਿਆਚਾਰ ਲਈ ਉਨ੍ਹਾਂ ਨੇ ਉਮਰ ਭਰ ਲਿਖਿਆ ਤੇ ਸੋਚਿਆ ਹੈ। ਕੁਝ ਮਹੀਨੇ ਪਹਿਲਾਂ ਹੀ ਉਨ੍ਹਾਂ ਦੀ ਬਾਬਾ ਫ਼ਰੀਦ ਬਾਰੇ ਖੋਜ ਭਰਪੂਰ ਪੁਸਤਕ ਦੀ ਚੋਖੀ ਚਰਚਾ ਹੋਈ। ਹਥਲਾ ਲੇਖ ਉਨ੍ਹਾਂ ਪੰਜਾਬ ਵਿਚ ਅੰਗਰੇਜ਼ੀ ਦੀ ਸਿੱਖਿਆ ਬਾਰੇ ਲਿਖਿਆ ਹੈ, ਜੋ ਅਸੀਂ ਆਪਣੇ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ।**

ਅੱਜ ਦੇ ਪੰਜਾਬ ਦੇ ਸਿੱਖਿਆ ਦੇ ਖੇਤਰ ਵਿਚ ਅੰਗਰੇਜ਼ੀ ਪ੍ਰਧਾਨ ਭਾਸ਼ਾ ਹੈ। ਪੰਜਾਬ ਦੀ ਸਰਕਾਰੀ ਭਾਸ਼ਾ ਭਾਵੇਂ ਗੁਰਮੁਖੀ ਵਿਚ ਲਿਖੀ ਪੰਜਾਬੀ ਭਾਸ਼ਾ ਹੈ ਪਰ ਸਕੂਲਾਂ ਵਿਚ ਨਰਸਰੀ ਤੋਂ ਲੈ ਕੇ ਮੈਟ੍ਰਿਕ ਤੇ ਹਾਇਰ ਸੈਕੰਡਰੀ ਤੱਕ ਤੇ ਅੱਗੋਂ ਬੀ. ਏ. ਦੇ ਪਹਿਲੇ, ਦੂਜੇ ਤੇ ਤੀਜੇ ਭਾਗਾਂ ਵਿਚ ਅੰਗਰੇਜ਼ੀ ਭਾਸ਼ਾ ਹਰ ਵਿਦਿਆਰਥੀ ਨੂੰ ਮਜਬੂਰਨ ਪੜ੍ਹਨੀ ਹੀ ਪੈਂਦੀ ਹੈ। ਇਹ ਪ੍ਰਬੰਧ ਸਰਕਾਰੀ ਤੇ ਗ਼ੈਰ-ਸਰਕਾਰੀ ਦੋਵਾਂ ਤਰ੍ਹਾਂ ਦੇ ਸਕੂਲਾਂ ਤੇ ਕਾਲਜਾਂ ਉੱਤੇ ਇਕਸਾਰ ਲਾਗੂ ਹੈ। ਜੋ ਕੋਈ ਵਿਦਿਆਰਥੀ ਹਾਇਰ ਸੈਕੰਡਰੀ ਤੋਂ ਲੈ ਕੇ ਬੀ. ਏ. ਤੱਕ ਦੇ ਕਿਸੇ ਸਾਲਾਨਾ ਇਮਤਿਹਾਨ ਵਿਚ ਅੰਗਰੇਜ਼ੀ ਦੇ ਪਰਚੇ ਵਿਚ ਨਿਸਚਿਤ ਨੰਬਰ ਲੈ ਕੇ ਪਾਸ ਨਹੀਂ ਹੁੰਦਾ, ਉਹ ਭਾਵੇਂ ਬਾਕੀ ਦੇ ਸਾਰੇ ਮਜ਼ਮੂਨਾਂ ਵਿਚ ਪਾਸ ਹੋਵੇ, ਉਸ ਨੂੰ ਸਕੂਲ ਬੋਰਡ/ਯੂਨੀਵਰਸਿਟੀ ਵਿਚ ਦਿੱਤੇ ਸਾਰੇ ਇਮਤਿਹਾਨ ਵਿਚੋਂ ਫੇਲ੍ਹ ਕਰ ਦਿੱਤਾ ਜਾਂਦਾ ਹੈ। ਇਸ ਵੇਲੇ ਮੇਰੇ ਪਾਸ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਪਿਛਲੇ ਸਾਲ (2007) ਬੀ. ਏ. (ਭਾਗ ਪਹਿਲਾ) ਦੇ ਅੰਕੜੇ ਮੌਜੂਦ ਹਨ। ਇਨ੍ਹਾਂ ਅੰਕੜਿਆਂ ਅਨੁਸਾਰ ਲਾਜ਼ਮੀ ਅੰਗਰੇਜ਼ੀ ਵਿਚੋਂ ਫੇਲ੍ਹ ਹੋਣ ਕਾਰਨ ਸਾਰੇ ਇਮਤਿਹਾਨ ਵਿਚੋਂ ਫੇਲ੍ਹ ਕੀਤੇ ਗਏ ਉਮੀਦਵਾਰਾਂ ਦੀ ਗਿਣਤੀ ਇੰਜ ਬਣਦੀ ਹੈ :

ਪੰਜਾਬੀ ਯੂਨੀਵਰਸਿਟੀ, ਪਟਿਆਲਾ ਬੀ. ਏ. (ਭਾਗ ਪਹਿਲਾ), 2007

| | |
|---|---|
| 1. ਲਾਜ਼ਮੀ ਅੰਗਰੇਜ਼ੀ ਦੇ ਇਮਤਿਹਾਨ ਵਿਚ ਬੈਠਣ ਵਾਲੇ ਕੁਲ ਉਮੀਦਵਾਰ | 31430 |
| 2. ਪਾਸ ਹੋਏ ਉਮੀਦਵਾਰ | 15460 |
| 3. ਫੇਲ੍ਹ ਹੋਏ ਉਮੀਦਵਾਰ | 15970 |

ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਬੀ. ਏ. (ਭਾਗ ਪਹਿਲਾ), 2007

| | |
|---|---|
| 1. ਲਾਜ਼ਮੀ ਅੰਗਰੇਜ਼ੀ ਦੇ ਇਮਤਿਹਾਨ ਵਿਚ ਬੈਠਣ ਵਾਲੇ ਕੁੱਲ ਉਮੀਦਵਾਰ | 27186 |
| 2. ਪਾਸ ਹੋਏ ਉਮੀਦਵਾਰ | 13301 |
| 3. ਫੇਲ੍ਹ ਹੋਏ ਉਮੀਦਵਾਰ | 13885 |

ਦੋਵਾਂ ਯੂਨੀਵਰਸਿਟੀਆਂ ਵਿਚ ਬੀ. ਏ. ਦੇ ਪਹਿਲੇ ਭਾਗ ਵਿਚ ਲਾਜ਼ਮੀ ਅੰਗਰੇਜ਼ੀ ਦੇ ਇਮਤਿਹਾਨ ਵਿਚ ਪਾਸ ਹੋਣ ਵਾਲਿਆਂ ਨਾਲੋਂ ਫੇਲ੍ਹ ਹੋਣ ਵਾਲਿਆਂ ਦੀ ਗਿਣਤੀ ਜਿਵੇਂ ਕਿ ਪਾਠਕ ਆਪ ਵੇਖ ਸਕਦੇ ਹਨ, ਜ਼ਿਆਦਾ ਹੈ। ਅੰਦਾਜ਼ਾ ਹੈ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਇਸੇ ਇਮਤਿਹਾਨ ਦੀ ਲਾਜ਼ਮੀ ਅੰਗਰੇਜ਼ੀ ਦੇ ਪਰਚੇ ਵਿਚ ਵੀ ਫੇਲ੍ਹਾਂ ਦੀ ਗਿਣਤੀ ਕਰੀਬ-ਕਰੀਬ ਇਸੇ ਨਿਸਬਤ ਨਾਲ ਪਾਸ ਹੋਣ ਵਾਲਿਆਂ ਤੋਂ ਵੱਧ ਹੀ ਹੋਵੇਗੀ। 18/19 ਸਾਲ ਦੀ ਉਮਰ ਦੇ ਇਨ੍ਹਾਂ ਫੇਲ੍ਹ ਦੱਸੇ ਗਏ ਹਜ਼ਾਰਾਂ ਪੰਜਾਬੀ ਨੌਜਵਾਨਾਂ ਨੂੰ, ਅੰਗਰੇਜ਼ੀ ਵਿਚ ਪਾਸ ਨਾ ਹੋਣ ਕਰਕੇ ਹਰ ਸਾਲ ਹਰ ਤਰ੍ਹਾਂ ਦੀ ਉਚੇਰੀ ਪੜ੍ਹਾਈ ਤੋਂ ਵਾਂਝਾ ਰੱਖਿਆ ਜਾ ਰਿਹਾ ਹੈ, ਹਾਲਾਂ ਕਿ ਇਨ੍ਹਾਂ ਵਿਚੋਂ ਬਹੁਤ ਸਾਰੇ ਨੌਜਵਾਨ ਆਪਣੇ ਹੋਰ ਮਜ਼ਮੂਨਾਂ ਵਿਚ ਬੜੇ ਵਧੀਆ ਨੰਬਰ ਲੈ ਕੇ ਪਾਸ ਹੋਏ ਹੋਣਗੇ।

ਆਪਣੇ ਸਟੈਨੋ ਦੀ ਗ਼ੈਰ-ਹਾਜ਼ਰੀ ਵਿਚ ਮੈਂ ਇਹ ਮਜ਼ਮੂਨ ਬੋਲ ਕੇ ਆਪਣੇ ਮਿੱਤਰ ਪ੍ਰਿੰਸੀਪਲ ਜੋਗਿੰਦਰ ਸਿੰਘ ਨੂੰ ਲਿਖਵਾ ਰਿਹਾ ਸਾਂ ਤਾਂ ਉਨ੍ਹਾਂ ਮੈਨੂੰ ਟੋਕ ਕੇ ਆਪਣੇ ਵੇਲੇ ਦੇ ਇਕ ਵਿਦਿਆਰਥੀ ਦਾ ਕਿੱਸਾ ਇੰਜ ਸੁਣਾਇਆ-

ਇਹ ਗੱਲ 1961 ਦੇ ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ ਦੇ ਕੈਮਿਸਟਰੀ ਦੇ ਐਮ. ਐਸ. ਸੀ. ਦੇ ਪਹਿਲੇ ਬੈਚ ਦੀ ਹੈ। ਦਾਖ਼ਲਾ ਮੈਰਿਟ ਦੇ ਆਧਾਰ 'ਤੇ ਹੋਣਾ ਸੀ। ਸਾਡੇ ਵਿਚੋਂ ਸਭ ਤੋਂ ਵੱਧ ਮੈਰਿਟ ਵਾਲਾ ਚਮਨ ਲਾਲ ਭਾਰਦਵਾਜ ਸੀ ਪਰ ਉਹ ਅੰਗਰੇਜ਼ੀ ਵਿਸ਼ੇ ਵਿਚ ਫੇਲ੍ਹ ਹੋ ਗਿਆ, ਇਸ ਲਈ ਉਸ ਨੂੰ ਦਾਖ਼ਲਾ ਨਾ ਮਿਲ ਸਕਿਆ। ਇਹੀ ਵਿਦਿਆਰਥੀ 1963 ਦੇ ਬੈਚ ਵਿਚ ਵੀ ਕੈਮਿਸਟਰੀ ਵਿਚੋਂ ਫਸਟ ਆਇਆ ਸੀ। ਪਰ ਅੰਗਰੇਜ਼ੀ ਨੇ ਉਸ ਦੇ ਕੈਮਿਸਟਰੀ ਦੇ ਗਿਆਨ ਨੂੰ ਪੁੰਗਰਨ ਦਾ ਕੋਈ

ਮੌਕਾ ਨਾ ਦਿੱਤਾ।

ਇਹ ਤਾਂ ਹੈ ਇਕ ਉਮੀਦਵਾਰ ਦਾ ਦੁਖਾਂਤ। ਮੈਨੂੰ ਯਕੀਨ ਹੈ ਕਿ ਇਸ ਤਰ੍ਹਾਂ ਦੇ ਹਜ਼ਾਰਾਂ/ਨੌਜਵਾਨਾਂ ਦੇ ਭਵਿੱਖਾਂ ਦਾ ਘਾਣ ਸਾਡੀਆਂ ਯੂਨੀਵਰਸਿਟੀਆਂ ਵਿਚ ਹਰ ਸਾਲ ਹੋਈ ਜਾ ਰਿਹਾ ਹੈ। ਇਨ੍ਹਾਂ ਵਿਚਾਰਿਆਂ ਦਾ ਕਸੂਰ ਇਹੀ ਹੈ ਕਿ ਉਹ ਅੰਗਰੇਜ਼ੀ ਦੇ ਪਰਚੇ ਵਿਚ ਸੌ ਵਿਚੋਂ 33 ਨੰਬਰ ਨਹੀਂ ਲੈ ਸਕੇ। ਖਾ ਗਈ ਖਸਮਾਂ ਨੂੰ ਇਸ ਤਰ੍ਹਾਂ ਦੀ ਅੰਗਰੇਜ਼ੀ, ਜੋ ਸਾਡੇ ਨੌਜਵਾਨਾਂ ਦੀਆਂ ਆਸਾਂ-ਉਮੀਦਾਂ ਨੂੰ ਲਿਤਾੜ-ਲਿਤਾੜ ਸੁੱਟੀ ਜਾਂਦੀ ਹੈ।

ਪੰਜਾਬ ਦੇ ਨੌਜਵਾਨਾਂ ਦੀ ਚੰਗੀ ਭਲੀ ਸੂਝ-ਬੂਝ ਜਾਂ ਮਾਨਸਿਕਤਾ ਨੂੰ ਅੰਗਰੇਜ਼ੀ ਵਿਚ ਮਿਆਰ ਤੋਂ ਹੇਠਲੇ ਦਰਜੇ ਦੀ ਦੱਸ ਕੇ ਰੱਦ ਕਰੀ ਜਾਣ ਵਾਲੀ ਸਿੱਖਿਆ ਨੀਤੀ ਤੋਂ ਬਚਾਓ ਕਰਨਾ ਜ਼ਰੂਰੀ ਹੈ ਪਰ ਇਹ ਕਿਵੇਂ ਹੋਵੇ?

ਮੇਰੀ ਸੋਚ ਨਾਲੋਂ ਕੁਝ ਤਿਖੇਰੀ ਸੋਚ ਵਾਲੇ ਸਾਥੀ ਤਾਂ ਝੱਟ ਕੁਹਾੜਾ ਲੈ ਕੇ ਅੰਗਰੇਜ਼ੀ ਦਾ ਘਾਣ ਕਰਨ ਲਈ ਕਾਹਲੇ ਪੈ ਜਾਣਗੇ ਪਰ ਇਸ ਮਾਮਲੇ ਨੂੰ ਗੰਭੀਰ ਸੋਚ-ਵਿਚਾਰ ਨਾਲ ਨਜਿੱਠਣ ਦੀ ਲੋੜ ਹੈ। ਕਸੂਰ ਨਾ ਤਾਂ ਸਾਡੇ ਗੱਭਰੂਆਂ, ਖਾਸ ਕਰਕੇ ਪੇਂਡੂ ਦੀ ਪਿਛੋਕੜ ਵਾਲਿਆਂ ਦਾ ਹੈ ਨਾ ਅੰਗਰੇਜ਼ੀ ਦਾ। ਕਸੂਰ ਸਿਲੇਬਸ ਬਣਾਉਣ ਵਾਲਿਆਂ ਦਾ ਤੇ ਅੰਗਰੇਜ਼ੀ ਪੜ੍ਹਾਉਣ ਵਾਲਿਆਂ ਦਾ ਹੈ।

ਹਰ ਇਕ ਜਮਾਤ ਦਾ ਸਿਲੇਬਸ ਬਣਾਉਣ ਵਾਲਿਆਂ ਤੇ ਪਾਠ ਪੁਸਤਕਾਂ ਤਿਆਰ ਕਰਨ ਵਾਲਿਆਂ ਨੂੰ ਬਿਲਕੁਲ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਅਸੀਂ ਜੋ ਕੁਝ ਕਰ ਰਹੇ ਹਾਂ, ਉਸ ਨਾਲ ਕਿਹੜਾ ਮੰਤਵ ਪੂਰਾ ਕਰਨਾ ਹੈ? ਕੀ ਅਸੀਂ ਅੰਗਰੇਜ਼ੀ ਭਾਸ਼ਾ ਸਿਖਾਉਣੀ ਹੈ ਕਿ ਅੰਗਰੇਜ਼ੀ ਭਾਸ਼ਾ ਰਾਹੀਂ ਇੰਗਲਿਸਤਾਨ ਦੇ ਇਤਿਹਾਸ, ਸਾਹਿਤ ਤੇ ਕਲਚਰ ਦੇ ਵਿਦਵਾਨ ਪੈਦਾ ਕਰਨੇ ਹਨ? ਮੈਂ ਬਿਲਕੁਲ ਸਪੱਸ਼ਟ ਹਾਂ ਕਿ ਬੀ. ਏ. ਦੀ ਪੱਧਰ ਤੱਕ ਪੰਜਾਬ ਦੀ ਸਿੱਖਿਆ ਦਾ ਪ੍ਰਬੰਧ ਕਰਨ ਵਾਲਿਆਂ ਨੂੰ ਆਪਣੇ ਸਾਹਮਣੇ ਕੇਵਲ ਅੰਗਰੇਜ਼ੀ ਭਾਸ਼ਾ ਸਿਖਾਉਣ ਦਾ ਟੀਚਾ ਰੱਖਣਾ ਚਾਹੀਦਾ ਹੈ, ਕੋਈ ਹੋਰ ਨਹੀਂ। ਜੇ ਉਨ੍ਹਾਂ ਨੂੰ ਮੇਰੀ ਮਾਨਤਾ ਮਨਜ਼ੂਰ ਹੋਵੇ, ਤਾਂ ਉਨ੍ਹਾਂ ਲਈ ਇਸ ਨਤੀਜੇ 'ਤੇ ਪਹੁੰਚਣਾ ਮੁਸ਼ਕਿਲ ਨਹੀਂ ਹੋਣਾ ਚਾਹੀਦਾ ਕਿ ਸਾਡੇ ਸਾਰੇ ਸਕੂਲਾਂ ਦੇ ਸਿਲੇਬਸ, ਸਮੇਤ ਪਾਠ ਸਮੱਗਰੀ ਦੇ, ਉਪਰੋਕਤ ਮੰਤਵ ਦੀ ਪੂਰਤੀ ਨੂੰ ਮੁੱਖ ਰੱਖ ਕੇ ਤਿਆਰ ਨਹੀਂ ਹੋਏ। ਇਹੀ ਹਾਲ ਕਾਲਜਾਂ ਦਾ ਹੈ। ਅਜਿਹੀ ਹਾਲਤ ਵਿਚ ਪੜ੍ਹਾਉਣ ਵਾਲੇ ਸਪੱਸ਼ਟ ਨਹੀਂ ਹੋ ਸਕਦੇ ਕਿ ਉਨ੍ਹਾਂ ਨੂੰ ਕਿਸ ਮੰਤਵ ਦੀ ਪੂਰਤੀ ਲਈ ਰੱਖਿਆ ਗਿਆ ਹੈ। ਅੰਗਰੇਜ਼ੀ ਸਿਖਾਉਣ ਦੀ ਸਾਡੀ ਵਰਤਮਾਨ ਵਿਧੀ ਕਿੰਨੀ ਅਸਫਲ ਹੈ, ਇਸ ਦਾ ਅੰਦਾਜ਼ਾ ਇਥੋਂ ਵੀ ਲੱਗ ਸਕਦਾ ਹੈ ਕਿ ਸਾਡਾ ਅੰਗਰੇਜ਼ੀ ਸਿਖਾਉਣ ਦਾ ਸਾਰਾ ਜ਼ੋਰ ਅੰਗਰੇਜ਼ੀ ਲਿਖਣ, ਸਿਖਾਉਣ ਉੱਤੇ ਲਗਦਾ ਹੈ, ਅੰਗਰੇਜ਼ੀ ਬੋਲ ਸਕਣ ਵਿਚ ਕੁਸ਼ਲਤਾ ਹੈ ਕਿ ਨਹੀਂ, ਇਸ ਦੀ ਪਰਵਾਹ ਨਹੀਂ ਕੀਤੀ ਜਾਂਦੀ। ਅੰਗਰੇਜ਼ਾਂ ਜਾਂ ਅਮਰੀਕਨਾਂ ਵਾਂਗ ਸ਼ੁੱਧ ਅੰਗਰੇਜ਼ੀ ਵਿਚ ਬੋਲ ਸਕਣ ਦੀ ਮੁਹਾਰਤ ਦੀ ਸਿਖਲਾਈ ਕਿਸੇ ਵੀ ਪਾਠਕ੍ਰਮ ਦਾ ਹਿੱਸਾ ਨਹੀਂ ਹੈ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਸਾਡੇ ਬੀ. ਏ. ਪਾਸ ਵਿਦਿਆਰਥੀ, ਬਲਕਿ ਅੰਗਰੇਜ਼ੀ ਦੀ ਐਮ. ਏ. ਦੀ ਸਨਦ ਲੈ ਚੁੱਕੇ ਨੌਜਵਾਨ ਵੀ, ਜਦੋਂ ਕਿਸੇ ਅਜਿਹੇ ਮੁਕਾਬਲੇ ਦੇ ਇਮਤਿਹਾਨ ਵਿਚ ਬੈਠਦੇ ਹਨ, ਜਿਥੇ ਵਾਇਵਾ ਅੰਗਰੇਜ਼ੀ ਵਿਚ ਹੁੰਦਾ ਹੈ ਤਾਂ ਅੰਗਰੇਜ਼ੀ ਬੋਲਣ ਦਾ ਅਭਿਆਸ ਨਾ ਹੋਣ ਕਾਰਨ ਸਭ ਕੁਝ ਸਮਝਦੇ ਹੋਏ ਵੀ, ਮਿੱਟੀ ਦੇ ਮਾਧੋ ਬਣ ਕੇ ਬੈਠੇ ਰਹਿੰਦੇ ਹਨ ਜਾਂ ਟੁੱਟੀ-ਫੁੱਟੀ ਗ਼ਲਤ-ਮਲਤ ਅੰਗਰੇਜ਼ੀ ਬੋਲ ਕੇ ਫੇਲ੍ਹ ਹੋ, ਘਰ ਮੁੜਦੇ ਹਨ।

ਸਾਡੇ ਰਾਜਸੀ ਤੇ ਰਾਜਕੀ ਨੇਤਾ ਪੰਜਾਬੀ ਨੌਜਵਾਨਾਂ ਵਿਚ ਅੰਗਰੇਜ਼ੀ ਦੇ ਇਸ ਸੰਕਟ ਤੋਂ ਚੰਗੀ ਤਰ੍ਹਾਂ ਜਾਣੂ ਹਨ ਤੇ ਆਪਣੇ ਵੱਲੋਂ ਇਸ ਦਾ ਇਲਾਜ ਕਰਨ ਲਈ ਨਰਸਰੀ ਤੋਂ ਹੀ ਸਕੂਲਾਂ ਵਿਚ ਅੰਗਰੇਜ਼ੀ ਦੀ ਪੜ੍ਹਾਈ ਲਾਜ਼ਮੀ ਬਣਾ ਕੇ ਨਿਸਚਿੰਤ ਹੋ ਬੈਠੇ ਹਨ ਪਰ ਉਨ੍ਹਾਂ ਦੀ ਅਫਸਰਸ਼ਾਹੀ ਉਨ੍ਹਾਂ ਨੂੰ ਇਹ ਨਹੀਂ ਦੱਸ ਰਹੀ ਕਿ ਜਦ ਤੋਂ ਅੰਗਰੇਜ਼ੀ ਦੀ ਪੜ੍ਹਾਈ ਨਰਸਰੀ ਤੋਂ ਲਾਜ਼ਮੀ ਬਣਾਈ ਗਈ ਹੈ, ਉਦੋਂ ਤੋਂ ਅੰਗਰੇਜ਼ੀ ਦੀ ਸਿੱਖਿਆ ਦਾ ਸਾਡੇ ਪੜ੍ਹਿਆਰਾਂ ਨੂੰ ਉੱਕਾ ਕੋਈ ਫਾਇਦਾ ਨਹੀਂ ਹੋਇਆ। ਹਾਂ, ਬੱਚਿਆਂ ਦੀ ਮਾਂ-ਬੋਲੀ ਪੰਜਾਬੀ ਦੀ ਸਿੱਖਿਆ ਨੂੰ ਧੱਕਾ ਜ਼ਰੂਰ ਲੱਗਾ ਹੈ। ਸਾਡੇ ਖਸਮਾਂ ਨੂੰ ਇਸ ਨਿੱਕੇ ਜਿਹੇ ਨੁਕਤੇ ਦੀ ਸਮਝ ਨਹੀਂ ਆਈ ਕਿ ਪੁਰਾਣੇ ਪੰਜਾਬ ਵਿਚ ਜਿਹੜੀ ਅੰਗਰੇਜ਼ੀ ਭਾਸ਼ਾ ਪੰਜਵੀਂ ਜਮਾਤ ਤੋਂ ਪੜ੍ਹਾਈ ਜਾਂਦੀ ਸੀ, ਬਦਲੇ ਹੋਏ ਹਾਲਾਤ ਅਨੁਸਾਰ, ਉਸ ਦੇ ਮੰਤਵਾਂ, ਉਸ ਦੇ ਪਾਠਕ੍ਰਮ ਤੇ ਪੜ੍ਹਾਈ ਦੇ ਨਿਸ਼ਾਨਿਆਂ ਅਤੇ ਆਦਰਸ਼ਾਂ ਵਿਚ ਸੁਧਾਰ ਦੀ ਲੋੜ ਸੀ ਨਾ ਕਿ ਨਰਸਰੀ ਤੋਂ ਅੰਗਰੇਜ਼ੀ ਲਾਗੂ ਕਰਨ ਦੀ। ਜੇ ਸਚਮੁੱਚ ਅਸੀਂ ਆਪਣੇ ਵਿਦਿਆਰਥੀ ਵਰਗ ਦਾ ਭਵਿੱਖ ਉੱਜਲਾ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਸਿੱਖਿਆ ਦੀ ਹਰ ਪੱਧਰ 'ਤੇ ਅੰਗਰੇਜ਼ੀ ਦੇ ਪਾਠਕ੍ਰਮ ਤੇ ਸਿੱਖਿਆ ਦੀ ਵਿਧੀ ਵਿਚ ਇਕਦਮ ਸੁਧਾਰ ਲਿਆਉਣ ਦੀ ਲੋੜ ਹੈ।

ਅੰਗਰੇਜ਼ੀ ਜਿਸ ਤਰ੍ਹਾਂ ਇਸ ਵੇਲੇ ਪੜ੍ਹਾਈ ਜਾ ਰਹੀ ਹੈ, ਇਹ ਉਹੀ ਹੈ ਜੋ ਲਾਰਡ ਮਕਾਲੇ ਨੇ ਸਾਡੀ ਗੁਲਾਮੀ ਦੇ ਦਿਨਾਂ ਵਿਚ ਸਾਡੇ ਉੱਤੇ ਥੱਪੀ ਸੀ। ਉਦੋਂ ਸਾਨੂੰ, ਗੁਲਾਮਾਂ ਨੂੰ, ਅੰਗਰੇਜ਼ੀ ਮਜਬੂਰਨ ਪੜ੍ਹਨੀ ਪੈਂਦੀ ਸੀ। ਹੁਣ ਹਾਲਾਤ ਬਦਲ ਚੁੱਕੇ ਹਨ। ਅੰਗਰੇਜ਼ੀ ਦੁਨੀਆ ਦਾ ਸਭ ਤੋਂ ਬਲਵਾਨ ਭਾਸ਼ਾਈ ਮਾਧਿਅਮ ਬਣ ਚੁੱਕੀ ਹੈ। ਸਾਨੂੰ ਜਿਵੇਂ ਆਪਣੀ ਸਿੱਖਿਆ, ਵਪਾਰ, ਅੰਤਰਰਾਸ਼ਟਰੀ ਸਬੰਧਾਂ ਤੇ ਹੋਰ ਤਕਨੀਕੀ ਪੇਸ਼ਿਆਂ ਲਈ ਡਾਕਟਰੀ, ਇੰਜੀਨੀਅਰੀ ਤੇ ਕੰਪਿਊਟਰੀ ਗਿਆਨ ਲਈ, ਅੰਗਰੇਜ਼ੀ

ਦੀ ਲੋੜ ਹੈ, ਤਿਵੇਂ ਹੀ ਅੰਗਰੇਜ਼ੀ ਦੇ ਅਧਿਆਪਕਾਂ ਦੀ ਵਿਸ਼ਵ-ਵਿਆਪੀ ਮੰਗ ਪੂਰੀ ਕਰਨ ਲਈ ਆਪਣੇ ਨੌਜਵਾਨ ਵਿਸ਼ੇਸ਼ੱਗ ਤਿਆਰ ਕਰਨ ਦੀ ਵੀ ਜ਼ਰੂਰਤ ਹੈ। ਅੰਗਰੇਜ਼ੀ ਨੂੰ ਅਸੀਂ, ਆਪਣੀ ਪਿਆਰੀ ਮਾਂ-ਬੋਲੀ ਨੂੰ ਮਾਰਨ ਲਈ ਵਰਤਣ ਦੀ ਥਾਂ, ਆਰਥਿਕ ਖੁਸ਼ਹਾਲੀ ਦੇ ਸੰਦ ਵਜੋਂ ਵਰਤਣਾ ਸਿੱਖਣਾ ਹੈ। ਇਸ ਕੰਮ ਲਈ ਸਾਡੇ ਕੋਲ ਕਰੀਬ-ਕਰੀਬ ਸਾਰੀ ਲੋੜੀਂਦੀ ਸਮੱਗਰੀ ਮੌਜੂਦ ਹੈ। ਅੰਗਰੇਜ਼ੀ ਹਰ ਯੂਨੀਵਰਸਿਟੀ ਵਿਚ ਅੱਗੇ ਹੀ ਪੜ੍ਹਾਈ ਜਾ ਰਹੀ ਹੈ। ਪੰਜਾਬ ਦੇ ਹਰ ਸਕੂਲ ਵਿਚ ਵੀ ਪੜ੍ਹਾਈ ਜਾ ਰਹੀ ਹੈ। ਅੰਤਰਰਾਸ਼ਟਰੀ ਪੱਧਰ ਦੇ ਛਾਪੇਖਾਨੇ ਮੌਜੂਦ ਹਨ। ਅਖ਼ਬਾਰ ਬਥੇਰੇ ਛਪਦੇ ਹਨ-ਸਿਰਫ਼ ਅੰਗਰੇਜ਼ੀ ਪੜ੍ਹਾਉਣ ਦੇ ਮੰਤਵ ਤੇ ਵਿਧੀਆਂ ਬਦਲਣ ਦੀ ਲੋੜ ਹੈ। ਅੰਗਰੇਜ਼ੀ ਇਸ ਵੇਲੇ ਸਾਡੇ ਨੌਜਵਾਨਾਂ ਦੀ ਜਵਾਨੀ ਖਾ ਜਾਣ ਵਾਲੀ ਲਾਅਨਤ ਬਣੀ ਹੋਈ ਹੈ। ਪੜ੍ਹਾਉਣ ਦੀ ਠੀਕ ਵਿਧੀ ਵਰਤਣ ਨਾਲ ਇਹੀ ਅੰਗਰੇਜ਼ੀ ਵਰਦਾਨ ਸਾਬਤ ਹੋ ਸਕਦੀ ਹੈ।

## ਅੰਗਰੇਜ਼ੀ ਦੀ ਸਿੱਖਿਆ ਦਾ ਸਵਾਲ ਕਿਵੇਂ ਸੁਲਝੇ?

ਜਿਹੜੀ ਪਾਠ ਸਮੱਗਰੀ ਇਸ ਵੇਲੇ ਲੱਗੀ ਹੋਈ ਹੈ, ਉਸ ਵਿਚ ਢੇਰ ਸੁਧਾਰ ਦੀ ਲੋੜ ਪਵੇਗੀ। ਗਾਂਧੀ ਜੀ ਤੇ ਨਹਿਰੂ ਤੋਂ ਲੈ ਕੇ ਪੂਰਨ ਸਿੰਘ, ਖੁਸ਼ਵੰਤ ਸਿੰਘ ਤੇ ਮੁਲਕ ਰਾਜ ਆਨੰਦ ਤੱਕ ਸਾਰੇ ਬੜੀ ਸ਼ੁੱਧ ਅੰਗਰੇਜ਼ੀ ਲਿਖਣ ਵਾਲੇ ਹਨ। ਇਨ੍ਹਾਂ ਦੀਆਂ ਰਚਨਾਵਾਂ ਵਿਚੋਂ ਆਪਣੇ ਇਤਿਹਾਸ, ਆਪਣੇ ਸਭਿਆਚਾਰ, ਆਪਣੀਆਂ ਕਦਰਾਂ-ਕੀਮਤਾਂ ਤੇ ਪ੍ਰਸਿੱਧ ਧਾਰਮਿਕ ਆਗੂਆਂ ਤੇ ਦੇਸ਼ ਭਗਤਾਂ ਦੇ ਪਾਠ ਲੈ-ਲੈ ਕੇ ਪੜ੍ਹਾਈਏ ਤਾਂ ਸਾਡੇ ਵਿਦਿਆਰਥੀਆਂ ਦੀ ਸਮਝ-ਸੂਝ ਵਿਚ ਵਧੇਰੇ ਰੋਸ਼ਨੀ ਆਵੇਗੀ। ਅੰਗਰੇਜ਼ੀ ਲੇਖਕਾਂ ਵੱਲੋਂ ਅੰਗਰੇਜ਼ੀ ਸਾਹਿਤ ਤੇ ਸੱਭਿਆਚਾਰ ਦੀਆਂ ਚੋਣਵੀਆਂ ਲਿਖਤਾਂ ਦਿਆਂ ਪਾਠਾਂ ਵਿਚੋਂ ਦੇਸ਼ ਨਹੀਂ, ਵਿਦੇਸ਼ ਹੀ ਲੱਭੇਗਾ। ਅੰਗਰੇਜ਼ੀ ਸਿਖਾਉਣ ਦੀ ਆੜ ਹੇਠ ਅਸੀਂ ਆਪਣੀ ਹੀ ਔਲਾਦ ਨੂੰ ਅੰਗਰੇਜ਼ ਬਿਰਤੀਆਂ ਵਾਲੇ ਕਾਲੇ 'ਸਾਹਬ' ਜਾਂ 'ਮੇਮਾਂ' ਬਣਾਈ ਜਾ ਰਹੇ ਹਾਂ। ਜੇ ਨਾ ਯਕੀਨ ਆਵੇ ਤਾਂ ਮੇਰੀ ਉਂਗਲੀ ਫੜ ਕੇ ਆਓ ਮੈਂ ਤੁਹਾਨੂੰ ਪਟਿਆਲੇ ਦੇ ਗੁਲਾਮ ਰਾਜਿਆਂ ਵੱਲੋਂ ਅਸਥਾਪਿਤ ਯਾਦਵਿੰਦਰ ਪਬਲਿਕ ਸਕੂਲ ਵਿਚ ਲੈ ਚੱਲਾਂ। ਸਾਨੂੰ ਕਿਉਂ ਨਹੀਂ ਭੁੱਲਦਾ ਕਿ ਜਿਨ੍ਹਾਂ ਟੁੱਟੇ-ਭੱਜੇ ਸਕੂਲਾਂ ਨੇ ਅੰਗਰੇਜ਼ੀ ਮਾਧਿਅਮ ਅਪਣਾਇਆ ਹੋਇਆ ਹੈ, ਉਨ੍ਹਾਂ ਦੀਆਂ ਕੁੜੀਆਂ ਦੀ ਵਰਦੀ ਸਲਵਾਰ-ਕਮੀਜ਼ ਦੀ ਥਾਂ ਸਰਕਟ ਤੇ ਬਲਾਊਜ਼ ਕਿਉਂ ਹੈ?

ਮੁੱਕਦੀ ਗੱਲ ਇਹ ਹੈ ਕਿ ਪੰਜਾਬ ਵਿਚ ਅੰਗਰੇਜ਼ੀ ਪੜ੍ਹਾਉਣ ਵੇਲੇ ਪੰਜਾਬ ਦੇ ਹਿਤ ਨੂੰ ਮੁੱਖ ਰੱਖਣਾ ਹੋਵੇ ਤਾਂ ਪਾਠ ਪੁਸਤਕਾਂ ਪੰਜਾਬ ਮੁਖੀ ਬਣਨਗੀਆਂ, ਇੰਗਲਿਸਤਾਨ ਮੁਖੀ ਨਹੀਂ, ਜਿਵੇਂ ਕਿ ਇਸ ਵੇਲੇ ਆਮ ਤੌਰ 'ਤੇ ਹਨ।

ਪੰਜਾਬ ਦੇ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਨੂੰ ਆਪਣੇ ਨਿਯਮਾਂ ਵਿਚ ਇਕ ਸੋਧ ਇਹ ਕਰ ਲੈਣੀ ਚਾਹੀਦੀ ਹੈ ਕਿ ਜੇ ਕੋਈ ਵਿਦਿਆਰਥੀ, ਪੰਜਾਬੀ ਨੂੰ ਛੱਡ ਕੇ ਕਿਸੇ ਵੀ ਹੋਰ ਭਾਸ਼ਾ ਵਿਚ ਪਾਸ ਨਹੀਂ ਹੁੰਦਾ ਤਾਂ ਉਸ ਨੂੰ ਇਮਤਿਹਾਨ ਵਿਚੋਂ ਫੇਲ੍ਹ ਨਹੀਂ ਐਲਾਨਿਆ ਜਾਵੇਗਾ ਤੇ ਨਾ ਅਗਲੀ ਜਮਾਤ ਵਿਚ ਉਸ ਦੇ ਦਾਖ਼ਲੇ ਉੱਤੇ ਕੋਈ ਬੰਦਿਸ਼ ਹੋਵੇਗੀ।

ਪੰਜਾਬ ਦੀ ਹਰ ਯੂਨੀਵਰਸਿਟੀ ਵਿਚ ਅੰਗਰੇਜ਼ੀ ਭਾਸ਼ਾ ਦੇ ਮਾਹਿਰ ਪੈਦਾ ਕਰਨ ਲਈ ਬੀ. ਏ. ਦੇ ਪਹਿਲੇ ਸਾਲ ਤੋਂ ਐਮ. ਏ. ਦੇ ਆਖਰੀ ਸਾਲ ਤੱਕ ਇਕ ਵੱਖਰਾ ਪੰਜ ਸਾਲਾ ਕੋਰਸ ਹੋਵੇ, ਜਿਸ ਵਿਚ ਹੋਰ ਪੇਸ਼ਾਵਰਾਨਾ ਜਾਂ ਕਿੱਤਾਮੁਖੀ ਕੋਰਸਾਂ ਵਾਂਗ ਗਿਣਤੀ ਦੀਆਂ ਸੀਟਾਂ ਹੋਣ ਜੋ ਮੁਕਾਬਲੇ ਦੇ ਇਮਤਿਹਾਨ ਨਾਲ ਭਰੀਆਂ ਜਾਣ। ਇਸ ਚੈਨਲ ਰਾਹੀਂ ਤਿਆਰ ਹੋਏ ਮਾਹਿਰ ਪੰਜਾਬ ਤੋਂ ਇਲਾਵਾ ਹੋਰ ਰਾਜਾਂ ਵਿਚ ਬੜੀ ਆਸਾਨੀ ਨਾਲ ਖਪ ਸਕਣਗੇ ਤੇ ਮੁਕਾਬਲੇ ਦੇ ਇਮਤਿਹਾਨਾਂ ਵਿਚ ਵੀ ਸਫਲਤਾ ਦੀ ਆਸ ਨਾਲ ਬੈਠਣਗੇ। ਇਸ ਤਰ੍ਹਾਂ ਦੀਆਂ ਪੰਜ ਸਾਲਾ ਚੈਨਲਾਂ ਮਾਹਿਰ ਪੈਦਾ ਕਰਨ ਲਈ ਸਾਰੇ ਵੱਡੇ ਮਜ਼ਮੂਨਾਂ ਲਈ ਹੋਣੀਆਂ ਚਾਹੀਦੀਆਂ ਹਨ। ਅਰਥ ਸ਼ਾਸਤਰ, ਇਤਿਹਾਸ, ਰਾਜਨੀਤੀ ਸ਼ਾਸਤਰ ਤੇ ਭੂਗੋਲ ਤੋਂ ਲੈ ਕੇ ਭਾਸ਼ਾਵਾਂ ਤੇ ਕੋਮਲ ਕਲਾਵਾਂ ਤੱਕ ਹਰ ਉਸ ਮਜ਼ਮੂਨ ਲਈ ਵਿਸ਼ੇਸ਼ ਚੈਨਲ ਚਾਹੀਦੀ ਹੈ, ਜਿਸ ਦੇ ਮਾਹਿਰਾਂ ਦੀ ਪੰਜਾਬ ਤੇ ਇਸ ਦੇ ਗੁਆਂਢੀਆਂ ਨੂੰ ਲੋੜ ਪੈਂਦੀ ਹੈ। ਵਿਸ਼ੇਸ਼ ਚੈਨਲਾਂ ਨੂੰ ਛੱਡ ਕੇ ਬਾਕੀ ਦੀ ਵਰਤਮਾਨ ਚੈਨਲ ਵਿਚ ਅੰਗਰੇਜ਼ੀ ਲਾਜ਼ਮੀ ਨਹੀਂ, ਔਪਸ਼ਨਲ ਹੋਵੇ। ਇਸ ਵਿਚੋਂ ਫੇਲ੍ਹ ਹੋਣ ਵਾਲਾ ਸਾਰੇ ਇਮਤਿਹਾਨ ਵਿਚ ਫੇਲ੍ਹ ਨਾ ਮੰਨਿਆ ਜਾਵੇ।

ਮੈਂ ਆਪਣਾ ਇਹ ਲੇਖ ਪੰਜਾਬ ਵਿਚ ਅੰਗਰੇਜ਼ੀ ਦੀ ਪੜ੍ਹਾਈ ਤੇ ਇਸ ਦੇ ਇਮਤਿਹਾਨੀ ਪ੍ਰਬੰਧ ਨੂੰ, ਜੋ ਇਸ ਵੇਲੇ ਸਾਡੇ ਗੱਭਰੂਆਂ ਦੇ ਇਕ ਵੱਡੇ ਹਿੱਸੇ ਦੇ ਭਵਿੱਖ ਨੂੰ ਬੰਜਰ ਬਣਾ ਰਿਹਾ ਹੈ, ਨੂੰ ਲਾਭਦਾਇਕ ਬਣਾਉਣ ਦੀ ਮਨਸ਼ਾ ਨਾਲ ਲਿਖਿਆ ਹੈ। ਮਾਂ-ਬੋਲੀ ਪੰਜਾਬੀ ਦਾ ਪੱਖ ਪੂਰਦਿਆਂ ਮੈਂ ਕਦੀ ਵੀ ਅੰਗਰੇਜ਼ੀ ਦੀ ਅਹਿਮੀਅਤ ਤੋਂ ਇਨਕਾਰੀ ਨਹੀਂ ਹੋਇਆ। ਮੇਰਾ ਵਿਰੋਧ ਇਸ ਬੜੀ ਅਹਿਮ ਵਿਦੇਸ਼ੀ ਭਾਸ਼ਾ ਦੇ ਪ੍ਰਾਇਮਰੀ ਦੀ ਪੱਧਰ 'ਤੇ ਅਨਿਆਈ ਦਖ਼ਲ ਬਾਰੇ ਹੀ ਰਿਹਾ ਹੈ, ਜੋ ਅੱਜ ਵੀ ਉਸੇ ਤਰ੍ਹਾਂ ਕਾਇਮ ਹੈ। ਪੰਜਾਬ ਵਿਚ ਅੰਗਰੇਜ਼ੀ ਦੀ ਪੜ੍ਹਾਈ ਨੂੰ ਠੁੱਕ ਸਿਰ ਕਰਨ ਤੇ ਪੰਜਾਬ

ਦੇ ਗੱਭਰੂਆਂ ਤੇ ਮੁਟਿਆਰਾਂ ਲਈ ਲਾਭਦਾਇਕ ਬਣਾਉਣ ਲਈ ਮੈਂ ਆਪਣੇ ਇਸ ਲੇਖ ਵਿਚ ਉਚੇਰੀ ਸਿੱਖਿਆ ਦਾ ਜੋ ਚੌਖਟਾ ਸੁਝਾਇਆ ਹੈ, ਉਸ ਨੂੰ ਵਧੇਰੇ ਸਪੱਸ਼ਟ ਤੇ ਦ੍ਰਿੜ੍ਹ ਕਰਾਉਣ ਲਈ ਮੈਂ ਅੰਤ ਵਿਚ ਦੁਹਰਾਅ ਦਿੰਦਾ ਹਾਂ-

1. ਜੇ ਅਸੀਂ ਅੰਗਰੇਜ਼ੀ ਭਾਸ਼ਾ ਨੂੰ ਜਰਵਾਣੇ ਹਾਕਮਾਂ ਦੀ ਭਾਸ਼ਾ ਹੀ ਸਮਝਦੇ ਰਹੇ ਤਾਂ ਸਾਡਾ ਇਸ ਵੱਲ ਵੈਰੀਆਂ ਵਾਲਾ ਵਤੀਰਾ ਹੋਣਾ ਕੁਦਰਤੀ ਹੋਵੇਗਾ। ਹੁਣ ਹਾਲਾਤ ਬਹੁਤ ਬਦਲ ਚੁੱਕੇ ਹਨ ਤੇ ਅੰਗਰੇਜ਼ੀ ਭਾਸ਼ਾ ਦੁਨੀਆ ਦੀ ਸਿੱਖਿਆ, ਵਪਾਰ, ਅੰਤਰਰਾਸ਼ਟਰੀ ਸਬੰਧਾਂ ਤੇ ਮੀਡੀਆ ਵਿਚ ਸਭ ਤੋਂ ਵੱਧ ਵਰਤਿਆ ਜਾਣ ਵਾਲਾ ਭਾਸ਼ਾਈ ਸੰਦ ਹੈ। ਇਸ ਲਈ ਇਸ ਤੋਂ ਦੂਰ ਰਹਿ ਕੇ ਅਸੀਂ ਆਪਣਾ ਨੁਕਸਾਨ ਕਰ ਰਹੇ ਹੋਵਾਂਗੇ।

2. ਇਸ ਭਾਸ਼ਾ ਨਾਲ ਦੋਸਤਾਨਾ ਪਾਉਣ ਲਈ ਸਾਨੂੰ ਆਪਣੀ ਮਾਂ-ਬੋਲੀ ਪੰਜਾਬੀ ਦੀ ਕੁਰਬਾਨੀ ਦੇਣ ਦੀ ਲੋੜ ਨਹੀਂ। ਸਾਡੇ ਬੱਚਿਆਂ ਲਈ, ਸਾਡੇ ਜਿਹੜੇ ਸਿਆਸੀ ਆਗੂ, ਧੌਂਸ ਦੀ ਵਰਤੋਂ ਕਰਕੇ ਨਰਸਰੀ ਤੋਂ ਅੰਗਰੇਜ਼ੀ ਦੀ ਪੜ੍ਹਾਈ ਲਾਜ਼ਮੀ ਬਣਾ ਰਹੇ ਹਨ, ਉਹ ਅਚੇਤ ਹੀ ਮਾਂ-ਬੋਲੀ ਪੰਜਾਬੀ ਦੇ ਵਿਕਾਸ ਵਿਚ ਅਣਚਾਹੇ ਅੜਿੱਕੇ ਪਾ ਰਹੇ ਹਨ, ਅੰਗਰੇਜ਼ੀ ਦਾ ਕੋਈ ਫਾਇਦਾ ਨਹੀਂ ਕਰ ਰਹੇ। ਇਸ ਲਈ ਜੇ ਉਹ ਪੰਜਾਬ ਦੇ ਹਿਤਾਂ ਵਿਚ ਦਿਲਚਸਪੀ ਰੱਖਦੇ ਹਨ ਤਾਂ ਨਰਸਰੀ ਤੋਂ ਪ੍ਰਾਇਮਰੀ ਸ਼੍ਰੇਣੀ ਦੇ ਅੰਤ ਤੱਕ ਅੰਗਰੇਜ਼ੀ ਨੂੰ ਪੰਜਾਬੀ ਦੀ ਸੌਂਕਣ ਬਣਾਉਣ ਵਾਲਾ ਹੁਕਮ ਵਾਪਸ ਲੈਣ ਦੀ ਕਿਰਪਾ ਕਰਨ। ਇਸ ਤਰ੍ਹਾਂ ਪੰਜਾਬ ਦੇ ਬੁੱਧੀਮਾਨ ਤਬਕੇ ਦਾ ਅੰਗਰੇਜ਼ੀ ਨਾਲ ਖ਼ਾਹ-ਮਖ਼ਾਹ ਦਾ ਵਿਰੋਧ ਆਪਣੇ-ਆਪ ਮੁੱਕ ਜਾਵੇਗਾ।

3. ਅੰਗਰੇਜ਼ੀ ਸਕੂਲਾਂ ਕਾਲਜਾਂ ਵਿਚ ਹੁਣ ਵਾਂਗ ਜਾਰੀ ਰਹੇ ਪਰ ਇਸ ਵਿਚ ਜਾਂ, ਪੰਜਾਬੀ ਨੂੰ ਛੱਡ ਕੇ, ਕਿਸੇ ਵੀ ਹੋਰ ਭਾਸ਼ਾ ਵਿਚ ਪਾਸ ਹੋਣਾ ਜ਼ਰੂਰੀ ਨਾ ਹੋਵੇ। ਅੰਗਰੇਜ਼ੀ ਵਿਚ ਪਾਸ ਨਾ ਹੋਣ ਵਾਲਿਆਂ ਦਾ ਸਾਲ ਨਾ ਮਾਰਿਆ ਜਾਵੇ। ਪਾਠ ਪੁਸਤਕਾਂ ਵਿਚ ਪੰਜਾਬ ਦੇ ਇਤਿਹਾਸ, ਸੱਭਿਆਚਾਰ, ਆਲੇ-ਦੁਆਲੇ ਤੇ ਧਰਮ, ਆਦਿ ਨਾਲ ਸੰਬੰਧਿਤ ਪਾਠ ਹੋਣ ਤੇ ਸਿਲੇਬਸ ਵਿਚ ਲਿਖਤੀ ਅੰਗਰੇਜ਼ੀ ਦੇ ਨਾਲ ਅੰਗਰੇਜ਼ੀ ਬੋਲਣ ਉੱਤੇ ਜ਼ੋਰ ਹੋਵੇ।

4. ਡਾਕਟਰੀ ਤੇ ਇੰਜੀਨੀਅਰੀ ਦੇ ਕੋਰਸਾਂ ਵਾਂਗ ਇਕ ਵੱਖਰੀ ਚੈਨਲ ਹੋਵੇ, ਜਿਸ ਵਿਚ ਮੁਕਾਬਲੇ ਦੇ ਇਮਤਿਹਾਨ ਰਾਹੀਂ ਦਾਖ਼ਲਾ ਹੋਵੇ। ਇਹ ਚੈਨਲ ਅੰਗਰੇਜ਼ੀ ਦੇ ਮਾਹਿਰ ਪੈਦਾ ਕਰਨ ਲਈ ਹੋਵੇਗੀ। ਇਹ ਚੈਨਲ ਪੰਜਾਂ ਸਾਲਾਂ ਵਿਚ ਅੰਗਰੇਜ਼ੀ ਦੇ ਉਹ ਮਾਹਿਰ ਪੈਦਾ ਕਰੇਗੀ, ਜਿਨ੍ਹਾਂ ਦੀ ਮੰਗ ਇਸ ਵੇਲੇ ਸਾਰੀ ਦੁਨੀਆ ਵਿਚੋਂ ਹੋ ਰਹੀ ਹੈ। ਸਾਡੇ ਨੌਜਵਾਨ ਅੰਗਰੇਜ਼ੀ ਦੇ ਵਿਦਵਾਨਾਂ ਦੀ ਖਪਤ ਲਈ ਇਹ ਇਕ ਨਵਾਂ ਰਾਹ ਖੁੱਲ੍ਹੇਗਾ।

ਮੇਰੀ ਇਸ ਯੋਜਨਾ ਉੱਤੇ ਸਾਡੇ ਸਰਕਾਰੀ ਅਫਸਰਾਂ ਤੇ ਯੂਨੀਵਰਸਿਟੀਆਂ ਦੇ ਵਿਦਵਾਨਾਂ ਵੱਲੋਂ ਸਾਂਝਾ ਵਿਚਾਰ-ਵਟਾਂਦਰਾ ਹੋਣਾ ਚਾਹੀਦਾ ਹੈ ਤਾਂ ਜੋ ਅੰਗਰੇਜ਼ੀ ਦੇ ਨੁਕਸਾਨ ਦੇਣ ਵਾਲੇ ਪੱਖ ਝਾੜ ਕੇ ਨਿਰੋਲ ਅਜਿਹਾ ਪਾਠਕ੍ਰਮ ਬਣਾਇਆ ਜਾਵੇ, ਜੋ ਸਾਡੇ ਨੌਜਵਾਨ ਗੱਭਰੂਆਂ ਤੇ ਮੁਟਿਆਰਾਂ ਨੂੰ ਦੁਨੀਆ ਭਰ ਵਿਚ ਨਵੇਂ ਰੁਜ਼ਗਾਰ ਮੁਹੱਈਆ ਕਰ ਸਕੇ।

(ਸਮਾਪਤ)

ਪ੍ਰੋ: ਪ੍ਰੀਤਮ ਸਿੰਘ
-2, ਪ੍ਰੀਤ ਨਗਰ,
ਲੋਅਰ ਮਾਲ, ਪਟਿਆਲਾ।